# ਭਰਮ

## ਭਾਗ-9

ਕਈ ਵਾਰੀ ਕਾਲੇ ਬੋਲੇ 'ਸੰਘਣੇ' ਬੱਦਲਾਂ ਵਿਚ ਦੀ ਸੂਰਜ ਦੀ ਧੁਪ ਬਿਲਕੁਲ ਨਹੀਂ ਦਿਸਦੀ ਤੇ ਦਿਨ-ਦਿਹਾੜੇ ਰਾਤ ਵਾਂਗ ਹਨੇਰਾ ਜਾਪਦਾ ਹੈ ਅਤੇ ਜਦ ਬੱਦਲ 'ਫਟਦੇ' ਹਨ ਤਾਂ ਧੁਪ ਦੀਆਂ ਕੁਝ ਲਿਸ਼ਕਾਂ ਪ੍ਰਗਟ ਹੁੰਦੀਆਂ ਹਨ, ਪਰ ਇਹ ਲਿਸ਼ਕਾਂ ਫੌਰਨ ਅਲੋਪ ਹੋ ਜਾਂਦੀਆਂ ਹਨ — ਕਿਉਂਕਿ ਹਵਾ ਨਾਲ ਫਟੇ ਹੋਏ 'ਬੱਦਲ' ਫਿਰ ਮਿਲ ਜਾਂਦੇ ਹਨ। ਇਹਨਾਂ ਬੱਦਲਾਂ ਦਾ ਪਾਣੀ ਜਦ ਬਰਸਾਤ ਦੀ ਸ਼ਕਲ ਵਿਚ 'ਬਰਸ' ਪੈਂਦਾ ਹੈ ਤਾਂ ਬੱਦਲਾਂ ਦੇ ਪਿਛੇ ਲੁਕੀ ਹੋਈ ਧੁਪ ਪੂਰੇ ਜੋਬਨ ਵਿਚ ਪ੍ਰਗਟ ਹੁੰਦੀ ਹੈ।

ਐਨ ਏਸੇ ਤਰ੍ਹਾਂ ਸਾਡੇ ਮਨ ਅਥਵਾ ਅੰਤਿਸ਼ਕਰਨ ਦੇ ਉਦਾਲੇ ਕਈ ਜਨਮਾਂ ਤੋਂ 'ਕਰਮਾਂ' ਦੀਆਂ ਮੈਲਾਂ ਦੇ 'ਬੱਦਲ' ਚੜ੍ਹੇ ਹੋਏ ਹਨ। ਜਦ ਕਦੇ ਉਚੀ-ਸੁਚੀ ਸੰਗਤ ਵਿਚ ਸਾਡੇ ਮਨ ਉਤੇ ਸਬਦ ਦੀ ਚੋਟ ਅਥਵਾ 'ਵੈਰਾਗ-ਮਈ' ਅਸਰ ਹੁੰਦਾ ਹੈ ਤਾਂ ਇਲਾਹੀ ਮੰਡਲ ਦਾ ਖਿਨ ਭੰਗਰ 'ਲਿਸ਼ਕਾਰਾ' ਪੈਂਦਾ ਹੈ। ਸਾਡਾ 'ਮਨ' ਐਸੀ ਦਾਮਨਿਕ 'ਇਲਾਹੀ ਕਲਾ' ਦੀ ਝਾਲ ਨਹੀਂ ਝਲ ਸਕਦਾ ਅਤੇ ਇਸ 'ਕਲਾ' ਦਾ ਸਰੀਰ ਉਤੇ ਅਡੋ-ਅਡ ਅਸਰ ਹੁੰਦਾ ਹੈ। ਜਿਸ ਤਰ੍ਹਾਂ ਬਿਜਲੀ ਦੇ ਕਰੰਟ ਨੂੰ 'ਛੋਹਣ' ਨਾਲ ਸਾਡਾ ਸਰੀਰ ਕਈ ਕਿਸਮ ਦੀਆਂ ਹਰਕਤਾਂ ਕਰਦਾ ਹੈ — ਉਸੇ ਤਰ੍ਹਾਂ 'ਆਤਮਿਕ ਕਲਾ' ਦੀ ਮਨ ਉਤੇ 'ਲਿਸ਼ਕ' ਪੈਣ ਯਾ 'ਛੋਹ' ਨਾਲ ਸਰੀਰ ਭੀ ਬੇਵਸ ਹੋ ਕੇ ਕਈ ਹਰਕਤਾਂ ਕਰਦਾ ਹੈ।

ਜਿਸ ਤਰ੍ਹਾਂ ਕਿ —

ਝਟਕੇ ਵਜਣੇ,
ਚੀਕਾਂ ਨਿਕਲਣੀਆਂ,
ਅਨਹੋਣੀਆਂ ਹਰਕਤਾਂ ਕਰਨੀਆਂ,
ਕੰਬਣੀ ਛਿੜਨੀ,
'ਰੁਣ-ਝੁਣ' ਮਹਿਸੂਸ ਕਰਨੀ,
'ਮਿਰਗੀ' ਵਾਂਗ ਤੜਫਨਾ
ਉਚੀ-ਉਚੀ ਹਸਣਾ,
ਬੇਅੰਤ ਸ਼ਕਤੀ ਦਾ ਪ੍ਰਗਟਾਵਾ ਹੋਣਾ
ਸਰੀਰਕ ਸੁਧ-ਬੁਧ ਭੁਲਣੀ,

ਆਦਿ, ਅਨੇਕਾਂ ਅਲੌਕਿਕ ਕ੍ਰਿਸ਼ਮੇ ਜਗਿਆਸੂਆਂ ਦੇ ਤਜਰਬੇ ਵਿਚ ਆਉਂਦੇ ਹਨ, ਜਿਸ

ਨੂੰ ਸਾਡੀ ਸੀਮਤ ਬੁਧੀ ਸਮਝ ਨਹੀਂ ਸਕਦੀ।

ਅੰਤ੍-ਆਤਮੇ 'ਆਤਮਿਕ ਕਲਾ' ਦੀ 'ਛੋਹ' ਦੁਆਰਾ ਪ੍ਰਗਟ ਹੋਏ ਇਹਨਾਂ ਸਰੀਰਕ ਅਤੇ ਮਾਨਸਿਕ ਕ੍ਰਿਸ਼ਮਿਆਂ ਦੀ ਬਾਬਤ—

ਹੈਰਾਨ ਹੋਣਾ
ਸ਼ਕ ਕਰਨਾ
ਕਿੰਤੂ ਕਰਨੀ,
ਨੁਕਤਾ ਚੀਨੀ ਕਰਨੀ,
ਪਾਖੰਡ ਸਮਝਣਾ,
ਵਿਰੋਧਤਾ ਕਰਨੀ,
ਵਾਦ-ਵਿਵਾਦ ਕਰਨਾ,
'ਕਾਲਾ ਜਾਦੂ' ਸਮਝਣਾ,
ਮਨਮਤਿ ਸਮਝਣੀ,

ਸਾਡੀ ਅਗਿਆਨਤਾ ਦੀ ਦੀਰਘ 'ਭੁਲ' ਤੇ 'ਭਰਮ-ਭੁਲਾਵਾ' ਹੈ।

ਦੂਜੇ ਪਾਸੇ ਮਨ ਦੀ ਇਕਾਗਰਤਾ ਤੋਂ ਉਪਜੀ ਮਾਨਸਿਕ 'ਸ਼ਕਤੀ' ਦੀਆਂ—

ਕਰਾਮਾਤਾਂ
ਤਾਂਤ੍ਰਿਕ ਜਾਦੂ,
ਜੰਤ੍ਰਾਂ-ਮੰਤ੍ਰਾਂ ਦੇ ਕ੍ਰਿਸ਼ਮੇ
ਜੋਗੀਆਂ ਦੇ ਕੌਤਕ,
ਭੂਤਾਂ-ਪ੍ਰੇਤਾਂ ਦੇ ਅਸਰ ਹੇਠ 'ਖੇਲਨਾ',
ਕਈ ਕਿਸਮ ਦੇ ਮਾਨਸਿਕ 'ਕਾਲੇ ਜਾਦੂ',

ਸਭ ਤ੍ਰੈਗੁਣੀ 'ਮਾਇਕੀ ਮੰਡਲ' ਦੇ 'ਕਰਤਵ' ਹਨ।

ਇਹ ਦੋਨੋਂ ਅਵਸਥਾਵਾਂ ਅੱਡੋ-ਅੱਡ ਆਤਮਿਕ ਅਤੇ ਮਾਨਸਿਕ ਮੰਡਲਾਂ ਦੇ 'ਕਰਤਵ' ਹਨ, ਜੋ ਇਕ ਦੂਜੇ ਤੋਂ ਵਿਲੱਖਣ, 'ਮੁਤਜ਼ਾਦ' ਅਤੇ ਉਲਟ ਹਨ।

ਇਹਨਾਂ ਦੋਹਾਂ ਅਵਸਥਾਵਾਂ ਨੂੰ 'ਰਲਾਉਣਾ' ਯਾ ਇਕ ਦੂਜੇ ਦੀ 'ਤੁਲਨਾ' ਕਰਨੀ ਸਾਡੀ ਦੀਰਘ ਅਗਿਆਨਤਾ ਅਤੇ 'ਭਰਮ-ਭੁਲੇਖਾ' ਹੈ।

ਇਹ 'ਆਤਮਿਕ ਕਲਾ' ਦੇ ਖਿਨ ਭੰਗਰ 'ਲਿਸ਼ਕਾਰੇ' ਤੇ ਕ੍ਰਿਸ਼ਮੇ ਸਾਡੀ ਅੰਦਰਲੀ 'ਆਤਮਿਕ ਸ਼ਕਤੀ' ਦੀ ਹੋਂਦ ਦੀ 'ਸਾਖੀ' ਅਤੇ 'ਗਵਾਹੀ' ਹਨ—ਜਿਸ ਨਾਲ ਸਾਡੀ ਆਤਮਿਕ 'ਸ਼ਰਧਾ' ਦ੍ਰਿੜ ਹੁੰਦੀ ਹੈ—ਪਰ ਇਹਨਾਂ ਖਿਨ-ਭੰਗਰ ਲਿਸ਼ਕਾਰਿਆਂ ਅਤੇ ਕ੍ਰਿਸ਼ਮਿਆਂ ਨੂੰ ਹੀ ਅਧਿਆਤਮਿਕ ਮਾਰਗ ਦੀ 'ਮੰਜ਼ਿਲ' ਯਾ 'ਮੁਕਤੀ' ਸਮਝਣਾ, ਸਾਡਾ ਦੀਰਘ ਮਾਨਸਿਕ 'ਭਰਮ-ਭੁਲੇਖਾ' ਹੈ।

ਏਸੇ ਤਰ੍ਹਾਂ ਸਿਮਰਨ ਵਿਚ ਮਨ ਇਕਾਗਰ ਹੋਣ ਤੇ, ਅੰਤ੍ਰਗਤ ਅਨੋਖੀ ਕਿਸਮ ਦੀ

'ਰੋਸ਼ਨੀ' ਦਾ 'ਲਿਸ਼ਕਾਰਾ' ਵਜਦਾ ਹੈ, ਕਈ ਵਾਰੀ ਇਹ 'ਰੋਸ਼ਨੀ' ਸਾਡੇ ਮਨੋਕਲਪਤ ਖਿਆਲਾਂ ਦਾ ਹੀ ਪ੍ਰਤਿਬਿੰਬ ਹੁੰਦੀ ਹੈ। ਇਹਨਾਂ ਅਧਿਆਤਮਿਕ ਰੋਸ਼ਨੀ ਦੇ ਲਿਸ਼ਕਾਰਿਆਂ ਨੂੰ ਹੀ ਅਕਾਲ ਪੁਰਖ ਦੇ 'ਦਰਸ਼ਨ' ਸਮਝਣਾ, ਸਾਡੀ ਵਡੀ 'ਭੁਲ' ਹੈ ਅਤੇ ਦੀਰਘ ਮਾਨਸਿਕ 'ਭਰਮ-ਭੁਲੇਖਾ' ਹੈ।

ਇਸ ਵਿਸ਼ੇ ਨੂੰ ਸਪਸ਼ਟ ਕਰਨ ਲਈ ਹੇਠਲਾ ਬਿਉਰਾ ਸਹਾਈ ਹੋ ਸਕਦਾ ਹੈ —

| 'ਆਤਮਿਕ ਛੋਹ' ਦੀ ਕਲਾ | ਮਾਨਸਿਕ ਸ਼ਕਤੀ ਦੇ ਕ੍ਰਿਸ਼ਮੇ |
|---|---|
| ਆਤਮਿਕ ਮੰਡਲ ਦੀ 'ਖੇਲ' ਹੈ। | ਮਾਨਸਿਕ ਮੰਡਲ ਦੀ 'ਖੇਲ' ਹੈ। |
| ਜੀਵ ਦੇ 'ਵਸ' ਨਹੀਂ। | 'ਜੀਵ' ਦੀ ਹਉਂਧਾਰੀ ਕ੍ਰਿਆ ਹੈ। |
| ਇਲਾਹੀ 'ਦਾਤ' ਹੈ। | ਮਾਨਸਿਕ ਸ਼ਕਤੀ ਹੈ। |
| ਲਾਭਵੰਦ ਹੈ। | ਹਾਨੀਕਾਰਕ ਹੈ। |
| ਸੁਖਦਾਈ ਹੈ। | ਦੁਖਦਾਈ ਹੈ। |
| 'ਰੁਣ-ਝੁਣ' ਦਾ ਅਹਿਲਾਦ ਹੈ। | ਹਉਮੈ ਦੀ ਕੁਲਝਣਾ ਹੈ। |
| ਆਜ਼ਾਦੀ ਹੈ। | ਬੰਧਨਾਂ ਹੈ। |
| 'ਇਕ' ਦਾ ਲਿਸ਼ਕਾਰਾ ਹੈ। | ਦੂਜਾ ਭਾਉ' ਹੈ। |
| 'ਅਨੰਤ ਸ਼ਕਤੀ' ਦਾ ਝਲਕਾਰਾ ਹੈ। | 'ਸੀਮਤ' ਸ਼ਕਤੀ ਹੈ। |
| 'ਪ੍ਰਿਮ-ਖੇਲ' ਦਾ ਚਮਤਕਾਰ ਹੈ | ਹਉਮੈ' ਦਾ ਪ੍ਰਗਟਾਵਾ ਹੈ। |
| 'ਪ੍ਰਿਮ-ਰਸ' ਹੈ। | ਫੋਕੇ ਬਿਖੇ ਰਸ ਹਨ। |
| 'ਗੁਪਤ' ਖੇਲ ਹੈ। | ਮਾਨਸਿਕ ਤਜਰਬੇ ਹਨ। |
| 'ਅਨਹਦ ਝੁਨਕਾਰ' ਹੈ। | ਸਰੀਰਕ ਕਸ਼ਟ ਹਨ। |
| 'ਅਲਮਸਤ ਮਤਵਾਰਾ' ਹੈ। | ਮਾਨਸਿਕ 'ਮਦਹੋਸ਼ੀ' ਹੈ। |
| ਆਤਮ ਮਾਰਗ ਦੇ ਕ੍ਰਿਸ਼ਮੇ ਹਨ। | ਮਾਇਕੀ ਮੰਡਲ ਦੀਆਂ 'ਇਲਤਾਂ' ਹਨ। |
| ਗੁਰੂ ਦੀ 'ਨਦਰਿ ਕਰਮਿ' ਹੈ। | ਹਉਮੈ ਦੀ ਪ੍ਰਵਿਰਤੀ ਹੈ । |
| ਇਲਾਹੀ ਪ੍ਰਕਾਸ਼ ਦੀ 'ਛੋਹ' ਹੈ। | ਮਾਨਸਿਕ ਅਗਿਆਨਤਾ ਦਾ 'ਹਨੇਰਾ' ਹੈ। |
| 'ਆਤਮ-ਗਿਆਨ' ਹੈ। | 'ਭਰਮ-ਭੁਲੇਖਾ' ਹੈ। |

ਉਪਰਲੇ ਬਿਉਰੇ ਤੋਂ ਜ਼ਾਹਰ ਹੁੰਦਾ ਹੈ ਕਿ ਅੰਤ੍ਰ ਆਤਮੇ ਇਲਾਹੀ ਜੋਤ ਦੀ 'ਛੋਹ' ਦੀ 'ਪਾਰਸ-ਕਲਾ' ਵਰਤਣੀ, ਅਥਵਾ 'ਨਾਮ' ਦੇ 'ਪ੍ਰਜ੍ਵਲਿਤ' ਹੋਣ ਤੇ ਅੰਤ੍ਰ-ਗਤ 'ਰੁਣ-ਝੁਣ' ਛਿੜਨੀ —

ਸਤਿਗੁਰੂ ਦੀ 'ਬਖਸ਼ਿਸ਼' ਹੈ,
'ਨਦਰਿ ਕਰਮਿ' ਹੈ,
'ਇਲਾਹੀ ਦਾਤ' ਹੈ,

ਜੋ ਸਾਧ ਸੰਗਤ ਵਿਚ ਵਿਚਰਦਿਆਂ ਹੋਇਆਂ ਕਿਸੇ ਭਾਗਾਂ ਵਾਲੇ ਜਗਿਆਸੂ ਉਤੇ ਵਰਤਦੀ ਹੈ।

ਇਸ ਦੇ ਉਲਟ—ਮਾਇਕੀ ਸ਼ਕਤੀ ਦੇ—

ਕ੍ਰਿਸ਼ਮੇ
ਕਰਾਮਾਤਾਂ
ਜਾਦੂ
ਟੂਣੇ
ਜੰਤ੍ਰ
ਮੰਤ੍ਰ
ਤੰਤ੍ਰ

ਆਦਿ, ਸਭ 'ਹਉਂਧਾਰੀ' ਕਰਤੱਵ ਹਨ, ਜੋ ਜੀਵ ਨੂੰ 'ਕਰਮ-ਬਧ' ਕਰਕੇ ਮਾਇਆ ਦੇ ਜਾਲ ਵਿਚ ਫਸਾਈ ਰਖਦੇ ਹਨ।

ਛਾਇਆ ਛੂਛੀ ਜਗਤੁ ਭੁਲਾਨਾ ॥ (ਪੰਨਾ-932)

ਤੰਤ ਮੰਤ੍ਰ ਸਭ ਅਉਖਧ ਜਾਨਹਿ ਅੰਤਿ ਤਊ ਮਰਨਾ ॥ (ਪੰਨਾ-476)

ਮੜੀ ਮਸਾਣੀ ਮੂੜੇ ਜੋਗੁ ਨਾਹਿ ॥ (ਪੰਨਾ-1190)

ਕਬੀਰ ਹਰਿ ਕਾ ਸਿਮਰਨੁ ਛਾਡਿ ਕੈ ਰਾਤਿ ਜਗਾਵਨ ਜਾਇ ॥
ਸਰਪਨਿ ਹੋਇ ਕੈ ਅਉਤਰੈ ਜਾਏ ਅਪੁਨੇ ਖਾਇ ॥ (ਪੰਨਾ-1370)

ਤੰਤ ਮੰਤ ਰਾਸਾਇਣਾ ਕਰਾਮਾਤਿ ਕਾਲਖਿ ਲਪਟਾਏ ।
(ਵਾ. ਭਾ. ਗੁ. 1/19)

ਤੰਤ੍ਰ ਮੰਤ੍ਰ ਪਾਖੰਡ ਕਰਿ ਕਲਹਿ ਕ੍ਰੋਧੁ
ਬਹੁ ਵਾਦਿ ਵਧਾਵੈ । (ਵਾ. ਭਾ. ਗੁ. 1/18)

ਤੰਤ ਮੰਤ ਪਾਖੰਡ ਲਖ ਬਾਜੀਗਰ ਬਾਜਾਰੀ ਨੰਗੈ । (ਵਾ. ਭਾ. ਗੁ. 28/2)

ਹੋਰਨਾਂ ਅਨੇਕਾਂ 'ਭਰਮ-ਭੁਲੇਖਿਆਂ' ਤੋਂ ਇਲਾਵਾ, 'ਮੁਕਤੀ' ਦੀ ਬਾਬਤ ਭੀ ਕਈ ਭੁਲੇਖੇ ਪਏ ਹੋਏ ਹਨ ।

'ਮੁਕਤੀ' ਦੀ ਬਾਬਤ ਸਾਡੀ ਜਾਣਕਾਰੀ ਅਥਵਾ 'ਗਿਆਨ'—

ਸੁਣਿਆ — ਸੁਣਾਇਆ ।
ਪੜ੍ਹਿਆ — ਪੜ੍ਹਾਇਆ ।
ਸਿਖਿਆ — ਸਿਖਾਇਆ ।
ਸਮਝਿਆ — ਸਮਝਾਇਆ ਹੈ ।

ਜਿਸ ਦਾ ਜਨਮਾਂ-ਜਨਮਾਂ ਤੋਂ ਅਸੀਂ ਅਭਿਆਸ ਕਰਦੇ ਆਏ ਹਾਂ, ਇਸ ਲਈ ਏਹ 'ਭੁਲੇਖੇ' ਸਾਡੇ ਮਨ ਅਤੇ ਅੰਤਿਸ਼ਕਰਨ ਵਿਚ 'ਦ੍ਰਿੜ੍ਹ' ਹੋ ਚੁਕੇ ਹਨ।

ਅਸੀਂ ਆਪਣੀ 'ਹਉਮੈ' ਦੀ ਅਗਿਆਨਤਾ ਵਿਚ—

ਪਾਪਾਂ ਨੂੰ ਢਕਣ,
ਜਮਾਂ ਦੀ ਸਜ਼ਾ ਤੋਂ ਬਚਣ,
ਆਵਾ-ਗਵਨ ਦੇ ਗੇੜ ਤੋਂ ਬਚਣ,
ਸਵਰਗ ਦੀ ਲਾਲਸਾ,
ਸਦੀਵੀ ਸੁਖ ਤੇ ਅਨੰਦ ਭੋਗਣ

ਲਈ, 'ਮੁਕਤੀ' ਨੂੰ 'ਜੀਵਨ ਉਦੇਸ਼' ਯਾ 'ਜ਼ਰੀਆ' ਸਮਝਿਆ ਹੋਇਆ ਹੈ।

ਅਸਲ ਵਿਚ ਕਿਸੇ ਕੈਦ ਯਾ ਬੰਧਨ ਤੋਂ ਛੁਟਕਾਰਾ ਯਾ ਆਜ਼ਾਦੀ ਨੂੰ 'ਮੁਕਤੀ' ਕਿਹਾ ਜਾਂਦਾ ਹੈ।

ਆਪਣੀ 'ਹਉਮੈ' ਦੀ ਅਗਿਆਨਤਾ ਦੇ ਹਨੇਰ ਖਾਤੇ, ਅਥਵਾ 'ਭਰਮ ਗੜ੍ਹ' ਵਿਚ 'ਜੀਵ' ਸਾਰੀ ਉਮਰ ਵਿਚਰਦਾ ਹੋਇਆ ਕਰਮ ਕਰਦਾ ਅਤੇ ਨਤੀਜੇ ਭੁਗਤਦਾ ਹੈ। ਇਹਨਾਂ 'ਹਉਂ-ਧਾਰੀ' ਖਿਆਲਾਂ ਅਤੇ ਕਰਮਾਂ ਦਾ ਜਨਮਾਂ-ਜਨਮਾਂ ਤੋਂ ਲਗਾਤਾਰ ਅਭਿਆਸ ਕਰਦਿਆਂ ਹੋਇਆਂ—'ਜੋ ਮੈ ਕੀਆ ਸੋ ਮੈਂ ਪਾਇਆ' ਦੇ ਅਟੱਲ ਅਸੂਲ ਅਨੁਸਾਰ—'ਜੀਵ' ਆਪਣੇ ਕਰਮਾਂ ਦੇ 'ਘੁੰਮਣ-ਘੇਰੇ' ਵਿਚ 'ਕਰਮ-ਬੱਧ' ਹੋ ਜਾਂਦਾ ਹੈ, ਅਤੇ 'ਆਵਾਗਵਨ' ਦੇ ਅਮੁਕਵੇਂ ਗੇੜ ਵਿਚ ਵਿਚਰਦਾ ਹੋਇਆ ਦੁਖ ਭੋਗਦਾ ਰਹਿੰਦਾ ਹੈ।

ਇਹ ਸਾਰੀ ਕ੍ਰਿਆ ਮਾਇਕੀ-ਮੰਡਲ ਦੇ 'ਭਰਮ-ਗੜ੍ਹ' ਦੀ 'ਖੇਲ' ਹੈ।

ਜਿਸ ਤਰ੍ਹਾਂ ਰਾਤ ਦੇ 'ਹਨੇਰੇ' ਵਿਚ ਜੋ ਭੀ ਕੰਮ ਕੀਤੇ ਜਾਣ ਉਹ ਅਧੂਰੇ, ਅਪੂਰਨ ਤੇ ਗਲਤ ਹੁੰਦੇ ਹਨ, ਇਸੇ ਤਰ੍ਹਾਂ ਮਾਇਕੀ-ਮੰਡਲ ਦੇ ਹਨੇਰ ਅਥਵਾ ਅਗਿਆਨਤਾ ਵਿਚ ਜੋ ਭੀ ਅਸੀਂ ਕਰਮ ਕਰਦੇ ਹਾਂ ਉਹ 'ਹਉਂ-ਧਾਰੀ' ਹੋਣ ਕਰਕੇ ਫੋਕੇ, ਅਧੂਰੇ ਅਤੇ ਗਲਤ ਹੁੰਦੇ ਹਨ ਅਤੇ 'ਮੁਕਤੀ' ਦਾ ਸਾਧਨ ਨਹੀਂ ਹੋ ਸਕਦੇ।

ਜਿਸ ਤਰ੍ਹਾਂ 'ਹਨੇਰਾ' ਆਪਣੇ ਆਪ 'ਹਨੇਰੇ' ਨੂੰ ਦੂਰ ਨਹੀਂ ਕਰ ਸਕਦਾ ਸਿਰਫ ਚਾਨਣ ਦੇ ਪ੍ਰਕਾਸ਼ ਨਾਲ ਹੀ ਹਨੇਰੇ ਨੂੰ ਦੂਰ ਕੀਤਾ ਜਾ ਸਕਦਾ ਹੈ।

ਇਸੇ ਤਰ੍ਹਾਂ ਮਾਇਕੀ ਅਗਿਆਨਤਾ ਦਾ 'ਹਨੇਰਾ' ਸਾਡੇ 'ਭਰਮ-ਗੜ੍ਹ' ਨੂੰ ਤੋੜ ਨਹੀਂ ਸਕਦਾ। ਅਸੀਂ ਆਪਣੇ ਮਾਇਕੀ ਕਰਮਾਂ ਵਿਚ ਹੀ ਗਲਤਾਨ ਹੋ ਕੇ 'ਕਰਮ-ਬੱਧ' ਰਹਿੰਦੇ ਹਾਂ। ਦੂਜੇ ਲਫ਼ਜ਼ਾਂ ਵਿਚ ਹਉਂਧਾਰੀ ਕਰਮਾਂ ਦੇ ਘੁੰਮਣ-ਘੇਰੇ ਅਥਵਾ ਕਰਮ ਦੀ ਕੈਦ ਤੋਂ ਛੁਟਕਾਰਾ ਨਹੀਂ ਪਾ ਸਕਦੇ ਅਥਵਾ ਮੁਕਤੀ ਨਹੀਂ ਹੋ ਸਕਦੀ।

ਇਸ ਲਈ ਮਾਨਸਿਕ ਅਗਿਆਨਤਾ ਵਿਚ ਹਉਂ ਧਾਰੀ ਕਰਮਾਂ ਦੁਆਰਾ 'ਮੁਕਤੀ'

ਦੀ ਲਾਲਸਾ ਕਰਨੀ ਸਾਡਾ ਵਡਾ ਦੀਰਘ 'ਭਰਮ-ਭੁਲੇਖਾ' ਹੈ ।

ਮੁਕਤਿ ਪੰਥੁ ਜਾਨਿਓ ਤੈ ਨਾਹਨਿ ਧਨ ਜੋਰਨ ਕਉ ਧਾਇਆ ॥
ਅੰਤਿ ਸੰਗ ਕਾਹੂ ਨਹੀ ਦੀਨਾ ਬਿਰਥਾ ਆਪੁ ਬੰਧਾਇਆ ॥ (ਪੰਨਾ-632)

ਕੀਏ ਉਪਾਵ ਮੁਕਤਿ ਕੇ ਕਾਰਨਿ ਦਹ ਦਿਸਿ ਕਉ ਉਠਿ ਧਾਇਆ ॥
ਘਟ ਹੀ ਭੀਤਰਿ ਬਸੈ ਨਿਰੰਜਨੁ ਤਾ ਕੋ ਮਰਮੁ ਨ ਪਾਇਆ ॥ (ਪੰਨਾ-703)

ਬਿਨੁ ਗੁਰ ਸਬਦ ਨ ਛੂਟਸਿ ਕੋਇ ॥
ਪਾਖੰਡਿ ਕੀਨੈ੍ ਮੁਕਤਿ ਨ ਹੋਇ ॥ (ਪੰਨਾ-839)

ਕਬੀਰ ਮੁਕਤਿ ਦੁਆਰਾ ਸੰਕੁਰਾ ਰਾਈ ਦਸਏਂ ਭਾਇ ॥
ਮਨੁ ਤਉ ਮੈਗਲੁ ਹੋਇ ਰਹਿਓ ਨਿਕਸੋ ਕਿਉ ਕੈ ਜਾਇ ॥ (ਪੰਨਾ-1367)

ਪੂਜਾ ਅਰਚਾ ਬੰਦਨ ਡੰਡਉਤ ਖਟੁ ਕਰਮਾ ਰਤੁ ਰਹਤਾ ॥
ਹਉ ਹਉ ਕਰਤ ਬੰਧਨ ਮਹਿ ਪਰਿਆ ਨਹ ਮਿਲੀਐ ਇਹ ਜੁਗਤਾ ॥
(ਪੰਨਾ-642)

ਇਸ ਦਾ ਮਤਲਬ ਇਹ ਹੈ ਕਿ ਜਦ ਤਾਂਈ ਸਾਡੇ ਅੰਤ੍-ਆਤਮੇ 'ਆਤਮ-ਪ੍ਰਕਾਸ਼' ਅਥਵਾ ਸਬਦ ਯਾ ਨਾਮ ਪ੍ਰਜ੍ਵਲਿਤ ਨਹੀਂ ਹੁੰਦਾ —ਸਾਡੇ ਮਨ ਦੇ 'ਭਰਮ-ਭੁਲੇਖੇ' ਦੂਰ ਨਹੀਂ ਹੋ ਸਕਦੇ ਅਤੇ ਆਪਣੇ ਕਰਮਾਂ ਦੇ 'ਘੁੰਮਣ-ਘੇਰੇ' ਤੋਂ ਸਾਡਾ ਛੁਟਕਾਰਾ ਨਹੀਂ ਹੋ ਸਕਦਾ ਅਥਵਾ ਸਾਡੀ 'ਮੁਕਤੀ' ਨਹੀਂ ਹੋ ਸਕਦੀ।

ਰਾਮ ਨਾਮ ਬਿਨੁ ਮੁਕਤਿ ਨ ਹੋਈ ਬੂਡੀ ਦੂਜੈ ਹੇਤਿ ॥ (ਪੰਨਾ-75)

ਨਾਨਕ ਨਾਮ ਬਿਨਾ ਕੋ ਮੁਕਤਿ ਨ ਹੋਈ ॥ (ਪੰਨਾ-161)

ਰਾਮ ਨਾਮ ਬਿਨੁ ਮੁਕਤਿ ਨ ਹੋਈ ਨਾਨਕੁ ਕਹੈ ਵੀਚਾਰਾ ॥ (ਪੰਨਾ-437)

ਕਹਤ ਕਬੀਰ ਸੁਨਹੁ ਰੇ ਲੋਈ ॥
ਰਾਮ ਨਾਮ ਬਿਨੁ ਮੁਕਤਿ ਨ ਹੋਈ ॥ (ਪੰਨਾ-481)

ਬਿਨੁ ਨਾਮ ਹਰਿ ਕੇ ਮੁਕਤਿ ਨਾਹੀ ਕਹੈ ਨਾਨਕੁ ਦਾਸੁ ॥ (ਪੰਨਾ-663)

ਰਾਮ ਨਾਮ ਬਿਨੁ ਮੁਕਤਿ ਨ ਸੂਝੈ ਆਜੁ ਕਾਲਿ ਪਚਿ ਜਾਤਾ ਹੇ ॥ (ਪੰ.-1031)

ਪੂਰੈ ਸਤਿਗੁਰਿ ਬੂਝ ਬੁਝਾਈ ॥
ਵਿਣੁ ਨਾਵੈ ਮੁਕਤਿ ਕਿਨੈ ਨ ਪਾਈ ॥ (ਪੰਨਾ-1052)

ਭਰਮੁ ਭੇਦੁ ਭਉ ਕਬਹੁ ਨ ਛੂਟਸਿ ਆਵਤ ਜਾਤ ਨ ਜਾਨੀ ॥
ਬਿਨੁ ਹਰਿ ਨਾਮ ਕੋ ਮੁਕਤਿ ਨ ਪਾਵਸਿ
ਡੂਬਿ ਮੁਏ ਬਿਨੁ ਪਾਨੀ ॥ (ਪੰਨਾ-1127)

ਰਾਮ ਨਾਮ ਬਿਨੁ ਮੁਕਤਿ ਨ ਪਾਵਸਿ ਮੁਕਤਿ ਨਾਮਿ ਗੁਰਮੁਖਿ ਲਹੈ ॥..
ਬਿਨੁ ਗੁਰ ਸਬਦ ਮੁਕਤਿ ਕਹਾ ਪ੍ਰਾਣੀ
ਰਾਮ ਨਾਮ ਬਿਨੁ ਉਰਝਿ ਮਰੈ ॥ (ਪੰਨਾ–1127)

ਰਾਮ ਨਾਮ ਬਿਨੁ ਮੁਕਤਿ ਨ ਹੋਈ ਹੈ
ਤੁਟੈ ਨਾਹੀ ਅਭਿਮਾਨੈ ॥ (ਪੰਨਾ–1205)

ਮੁਕਤਿ ਪਾਈਐ ਸਾਧਸੰਗਤਿ ਬਿਨਸਿ ਜਾਇ ਅੰਧਾਰੁ ॥ (ਪੰ.–675)

ਜਦ ਪਾਤਸ਼ਾਹ ਦੇ ਘਰ ਬੱਚਾ ਜਨਮ ਲੈਂਦਾ ਹੈ ਤਾਂ ਉਸ ਨੂੰ 'ਸਾਹਿਬਜਾਦਾ' ਕਿਹਾ ਜਾਂਦਾ ਹੈ ।ਆਪਣੇ ਪਿਤਾ ਦੇ ਸਾਰੇ ਗੁਣ, ਅਖ਼ਤਿਆਰ ਅਤੇ ਜਾਇਦਾਦ ਉਸ ਨੂੰ ਵਿਰਸੇ ਵਿਚ ਆਪ ਮੁਹਾਰੇ ਮਿਲ ਜਾਂਦੀ ਹੈ। ਜਦ ਇਹ ਜੁਆਨ ਹੁੰਦਾ ਹੈ ਤਾਂ ਪਾਤਸ਼ਾਹ ਲੋੜ ਅਨੁਸਾਰ ਆਪਣੇ ਸਾਹਿਬਜਾਦੇ ਨੂੰ ਆਪਣੇ ਰਾਜ ਦਾ ਕੰਮ ਸੌਂਪਦਾ ਹੈ।

ਦੂਜੇ ਪਾਸੇ ਰਾਜ ਦਾ ਪ੍ਰਬੰਧ ਚਲਾਉਣ ਲਈ ਅਨੇਕਾਂ ਹੋਰ — ਉਚੇ, ਮੱਧਮ ਅਤੇ ਨੀਵੇਂ ਦਰਜੇ ਦੇ ਵਜ਼ੀਰ, ਅਹਿਲਕਾਰ, ਨੌਕਰ, ਚਾਕਰ, ਉਹਨਾਂ ਦੀ ਲਿਆਕਤ ਅਤੇ ਤਜਰਬੇ ਅਨੁਸਾਰ, ਨੀਅਤ ਕੀਤੇ ਜਾਂਦੇ ਹਨ। ਇਹਨਾਂ ਨੂੰ ਲੋੜ ਅਨੁਸਾਰ 'ਰਾਜ–ਅਧਿਕਾਰ' ਦਿਤੇ ਜਾਂਦੇ ਹਨ। ਇਹਨਾਂ ਅਹਿਲਕਾਰਾਂ ਦੀ ਤਰੱਕੀ (promotion) ਇਹਨਾਂ ਦੀ ਦਿਆਨਤਦਾਰੀ, ਮਿਹਨਤ ਅਤੇ ਲਿਆਕਤ ਅਨੁਸਾਰ ਹੁੰਦੀ ਹੈ।

ਐਨ ਇਸੇ ਤਰ੍ਹਾਂ ਅਕਾਲ ਪੁਰਖ ਦੇ ਦਰਬਾਰ ਵਿਚ ਅਨੇਕਾਂ ਪੁਗੀਆਂ ਹੋਈਆਂ 'ਰੂਹਾਂ' — ਬ੍ਰਹਮ ਗਿਆਨੀ ਗੁਰਮੁਖ ਜਨ ਸੁਭਾਇਮਾਨ ਹੁੰਦੇ ਹਨ। ਇਸ ਤ੍ਰੈਗੁਣੀ ਬ੍ਰਹਮੰਡ ਨੂੰ 'ਉਭਾਰਨ' ਅਥਵਾ 'ਸੋਧਣ' ਯਾ ਜੀਵਾਂ ਦੀ ਕਲਿਆਣ ਕਰਨ ਲਈ ਅਕਾਲ ਪੁਰਖ ਸਮੇਂ–ਸਮੇਂ ਸਿਰ ਇਹਨਾਂ ਪੁਗੀਆਂ ਹੋਈਆਂ ਰੂਹਾਂ ਨੂੰ ਆਪਣੀ 'ਕਲਾ' ਬਖਸ਼ ਕੇ ਜਗ ਵਿਚ ਪਠਾਉਂਦਾ ਹੈ।

ਜਦ ਇਹੋ ਜੇਹੀਆਂ ਬਖਸ਼ੀਆਂ ਹੋਈਆਂ ਰੂਹਾਂ ਅਥਵਾ ਅਕਾਲ ਪੁਰਖ ਦੇ 'ਸਾਹਿਬਜਾਦੇ' ਧੁਰੋਂ ਇਲਾਹੀ ਹੁਕਮ ਅਨੁਸਾਰ ਜਗਤ ਵਿਚ ਪਠਾਏ ਜਾਂਦੇ ਹਨ ਤਾਂ ਇਹਨਾਂ ਨੂੰ ਗੁਰੂ ਸਤਿਗੁਰੂ ਅਵਤਾਰ ਆਦਿ ਕਿਹਾ ਜਾਂਦਾ ਹੈ। ਜੋ ਇਸ ਤ੍ਰੈਗੁਣੀ ਮਾਇਕੀ ਸੰਸਾਰ ਦੇ 'ਹਉਮੈ' ਦੇ ਭਰਮ ਵਿਚ ਪਲਚ ਰਹੀਆਂ ਰੂਹਾਂ ਨੂੰ ਇਲਾਹੀ ਮਾਰਗ ਦਾ ਸਚਾ–ਸੁਚਾ ਉਪਦੇਸ਼ ਦੇ ਕੇ ਉਹਨਾਂ ਦੀ ਕਲਿਆਨ ਕਰਦੇ ਹਨ। ਇਹ ਗੁਰੂ–ਅਵਤਾਰ ਅਕਾਲ ਪੁਰਖ ਦੇ 'ਹੁਕਮ' ਅਨੁਸਾਰ ਅਵਤਾਰ ਧਾਰਦੇ ਹਨ ਤੇ ਇਲਾਹੀ 'ਹੁਕਮ' ਦੀ ਕਮਾਈ ਕਰਕੇ ਸਚੇ 'ਸਚ–ਖੰਡ' ਵਿਚ ਜਾ ਵਸਦੇ ਹਨ।

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥
ਜੀਅ ਦਾਨੁ ਦੇ ਭਗਤੀ ਲਾਇਨਿ
ਹਰਿ ਸਿਉ ਲੈਨਿ ਮਿਲਾਏ ॥ (ਪੰਨਾ–749)

ਜਗਤ ਉਧਾਰਣ ਸੇਈ ਆਏ ਜੋ ਜਨ ਦਰਸ ਪਿਆਸਾ ॥
ਉਨ ਕੀ ਸਰਣਿ ਪਰੈ ਸੋ ਤਰਿਆ
ਸੰਤਸੰਗਿ ਪੂਰਨ ਆਸਾ ॥ (ਪੰਨਾ-207)

ਹਮ ਇਹ ਕਾਜ ਜਗਤ ਮੋ ਆਏ ॥
ਧਰਮ ਹੇਤ ਗੁਰਦੇਵ ਪਠਾਏ ॥ (ਬਚਿਤ੍ਰ ਨਾਟਕ ਪਾ: 10)

ਸੁਣੀ ਪੁਕਾਰਿ ਦਾਤਾਰ ਪ੍ਰਭੁ
ਗੁਰੁ ਨਾਨਕ ਜਗ ਮਾਹਿ ਪਠਾਇਆ। (ਵਾ. ਭਾ. ਗੁ. 1/23)

ਜੁਗਿ ਜੁਗਿ ਸਤਿਗੁਰੁ ਧਰੇ ਅਵਤਾਰੀ । (ਵਾ. ਭਾ. ਗੁ. 1/48)

ਦੂਜੇ ਪਾਸੇ ਕਈ 'ਰੂਹਾਂ' ਗੁਰੂਆਂ ਅਤੇ ਅਵਤਾਰਾਂ ਤੋਂ ਪ੍ਰੇਰਨਾ-ਉਪਦੇਸ਼ ਅਤੇ ਅਗਵਾਈ ਲੈ ਕੇ 'ਸਬਦ-ਸੁਰਤ' ਅਥਵਾ ਨਾਮ ਅਭਿਆਸ ਕਮਾਈ ਕਰਕੇ ਸਤਿਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਦੀਆਂ ਹਨ।

ਐਸੇ—

'ਨਾਮ' ਅਭਿਆਸ ਕਮਾਈ ਕਰਨ ਵਾਲੇ
ਸਬਦ ਸੁਰਤ ਵਿਚ ਲੀਨ ਹੋਏ
ਨਾਮ ਰੰਗ ਵਿਚ ਰੰਗੇ ਹੋਏ
ਗੁਰਬਾਣੀ ਦਾ 'ਰੂਪ' ਹੋਏ
ਸਤਿਗੁਰੂ ਦੇ ਬੈਖਰੀਦ ਗੋਲੇ
ਸੇਵਾ ਦੇ ਪੁੰਜ
'ਹੁਕਮੀ ਬੰਦੇ'
'ਪ੍ਰਿਮ-ਪਿਆਲਾ' ਪੀਣ ਵਾਲੇ
ਅਲਮਸਤ ਮਤਵਾਲੇ
ਗੁਰਮੁਖ ਪਿਆਰਿਆਂ
ਮਹਾਂਪੁਰਖਾਂ

ਨੂੰ ਗੁਰਬਾਣੀ ਵਿਚ—

ਸਾਧ
ਸੰਤ
ਭਗਤ
ਗੁਰਮੁਖ
ਮਹਾਂਪੁਰਖ
ਹਰਿ ਜਨ

ਖਾਲਸੇ

ਬ੍ਰਹਮ ਗਿਆਨੀ

ਆਦਿ ਨਾਵਾਂ ਨਾਲ ਬਿਆਨਿਆ ਤੇ ਸਤਕਾਰਿਆ ਗਿਆ ਹੈ।

ਧੰਨੁ ਸੁ ਵੰਸੁ ਧੰਨੁ ਸੋ ਪਿਤਾ ਧੰਨੁ ਸੁ ਮਾਤਾ ਜਿਨਿ ਜਨ ਜਣੇ ॥
ਜਿਨ ਸਾਸਿ ਗਿਰਾਸਿ ਧਿਆਇਆ ਮੇਰਾ ਹਰਿ ਹਰਿ
ਸੇ ਸਾਚੀ ਦਰਗਹ ਹਰਿ ਜਨ ਬਣੇ ॥ (ਪੰਨਾ–1135)

ਭਗਤਾ ਕੀ ਚਾਲ ਸਚੀ ਅਤਿ ਨਿਰਮਲ ਨਾਮੁ ਸਚਾ ਮਨਿ ਭਾਇਆ ॥
ਨਾਨਕ ਭਗਤ ਸੋਹਹਿ ਦਰਿ ਸਾਚੈ ਜਿਨੀ ਸਚੋ ਸਚੁ ਕਮਾਇਆ ॥ (ਪੰ.–768)

ਹਰਿ ਜਨ ਊਤਮ ਊਤਮ ਬਾਣੀ ਮੁਖਿ ਬੋਲਹਿ ਪਰਉਪਕਾਰੇ ॥ (ਪੰਨਾ–493)

ਜੋ ਜਨ ਹਰਿ ਪ੍ਰਭ ਹਰਿ ਹਰਿ ਸਰਣਾ
ਤਿਨ ਦਰਗਹ ਹਰਿ ਹਰਿ ਦੇ ਵਡਿਆਈ ॥
ਧੰਨੁ ਧੰਨੁ ਸਾਬਾਸਿ ਕਹੈ ਪ੍ਰਭੁ ਜਨ ਕਉ
ਜਨ ਨਾਨਕ ਮੇਲਿ ਲਏ ਗਲਿ ਲਾਈ ॥ (ਪੰਨਾ–493)

ਸੰਤ ਪਿਆਰੇ ਪਾਰਬ੍ਰਹਮ ਨਾਨਕ ਹਰਿ ਅਗਮ ਅਗਾਹੁ ॥ (ਪੰਨਾ–556)

ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ ॥ (ਪੰਨਾ–654)

ਗੁਰਮੁਖਿ ਪਰਤੀਤਿ ਭਈ ਮਨੁ ਮਾਨਿਆ
ਅਨਦਿਨੁ ਸੇਵਾ ਕਰਤ ਸਮਾਇ ॥ (ਪੰਨਾ–1423)

ਜਿਨ ਇਕ ਮਨਿ ਹਰਿ ਧਿਆਇਆ ਮੇਰੀ ਜਿੰਦੁੜੀਏ
ਤਿਨ ਸੰਤ ਜਨਾ ਜੈਕਾਰੋ ਰਾਮ ॥ (ਪੰਨਾ–540)

ਗੁਰਬਾਣੀ ਵਿਚ ਇਹਨਾਂ ਬਖਸ਼ੇ ਹੋਏ ਗੁਰਮੁਖ ਪਿਆਰਿਆਂ, ਸੰਤਾਂ, 'ਭਗਤਾਂ' ਦੀ ਇਉਂ ਪਰਖ ਕੀਤੀ ਹੈ—

ਜਿਨਾ ਸਾਸਿ ਗਿਰਾਸਿ ਨ ਵਿਸਰੈ ਸੇ ਹਰਿ ਜਨ ਪੂਰੇ ਸਹੀ ਜਾਣਿ ॥ (ਪੰ.–651)

ਸੋ ਭਗਤੁ ਜੋ ਗੁਰਮੁਖਿ ਹੋਵੈ ਹਉਮੈ ਸਬਦਿ ਜਲਾਇਆ ਰਾਮ ॥ (ਪੰਨਾ–768)

ਨਿਰਮਲ ਸੋਭਾ ਅੰਮ੍ਰਿਤ ਤਾ ਕੀ ਬਾਨੀ ॥
ਏਕੁ ਨਾਮੁ ਮਨ ਮਾਹਿ ਸਮਾਨੀ ॥
ਦੂਖ ਰੋਗ ਬਿਨਸੇ ਭੈ ਭਰਮ ॥
ਸਾਧ ਨਾਮ ਨਿਰਮਲ ਤਾ ਕੇ ਕਰਮ ॥ (ਪੰਨਾ–296)

ਸੇ ਭਗਤ ਹਰਿ ਭਾਵਦੇ ਜੋ ਗੁਰਮੁਖਿ ਭਾਇ ਚਲੰਨਿ ॥
ਆਪੁ ਛੋਡਿ ਸੇਵਾ ਕਰਨਿ ਜੀਵਤ ਮੁਏ ਰਹੰਨਿ ॥ (ਪੰਨਾ–233)

ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥
ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥ (ਪੰਨਾ-319)

ਗੁਰਮੁਖਿ ਹੋਇ ਸੁ ਕਰੇ ਵੀਚਾਰੁ ਓਸੁ ਅਲਿਪਤੋ ਰਹਣਾ ॥
ਹਰਿ ਨਾਮੁ ਜਪੈ ਆਪਿ ਉਧਰੈ ਓਸੁ ਪਿਛੈ ਡੁਬਦੇ ਭੀ ਤਰਣਾ ॥ (ਪੰਨਾ-953)

ਆਠ ਪਹਰ ਨਿਕਟਿ ਕਰਿ ਜਾਨੈ ॥ ਪ੍ਰਭ ਕਾ ਕੀਆ ਮੀਠਾ ਮਾਨੈ ॥
ਏਕੁ ਨਾਮੁ ਸੰਤਨ ਆਧਾਰੁ ॥ ਹੋਇ ਰਹੇ ਸਭ ਕੀ ਪਗ ਛਾਰੁ ॥
ਸੰਤ ਰਹਤ ਸੁਨਹੁ ਮੇਰੇ ਭਾਈ ॥ ਉਆ ਕੀ ਮਹਿਮਾ ਕਥਨੁ ਨ ਜਾਈ ॥
ਵਰਤਣਿ ਜਾ ਕੈ ਕੇਵਲ ਨਾਮ ॥ ਅਨਦ ਰੂਪ ਕੀਰਤਨੁ ਬਿਸ੍ਰਾਮ ॥
ਮਿਤ੍ਰ ਸਤ੍ਰ ਜਾ ਕੈ ਏਕ ਸਮਾਨੈ ॥
ਪ੍ਰਭ ਅਪੁਨੇ ਬਿਨੁ ਅਵਰੁ ਨ ਜਾਨੈ ॥ (ਪੰਨਾ-392)

ਐਸੇ ਉਚੇ-ਸੁਚੇ ਆਤਮਿਕ ਜੀਵਨ ਵਾਲੇ ਬਖਸ਼ੇ ਹੋਏ ਗੁਰਮੁਖ ਪਿਆਰੇ ਅਥਵਾ ਸਾਧ, ਸੰਤ-ਮਹਾਂਪੁਰਖ ਜਗਤ ਵਿਚ 'ਕੋਈ ਵਿਰਲੇ' ਹੀ ਹੁੰਦੇ ਹਨ।

ਜਨ ਨਾਨਕ ਕੋਟਨ ਮੈ ਕਿਨਹੂ ਗੁਰਮੁਖਿ ਹੋਇ ਪਛਾਨਾ ॥ (ਪੰਨਾ-685)

ਐਸੇ ਜਨ ਵਿਰਲੇ ਸੰਸਾਰੇ ॥
ਗੁਰ ਸਬਦੁ ਵੀਚਾਰਹਿ ਰਹਹਿ ਨਿਰਾਰੇ ॥ (ਪੰਨਾ-1039)

ਜਿਨ੍ ਇਕ ਮਨਿ ਧਿਆਇਆ ਤਿਨ੍ ਸੁਖੁ ਪਾਇਆ
ਤੇ ਵਿਰਲੇ ਸੰਸਾਰਿ ਜੀਉ ॥ (ਪੰਨਾ-438)

ਤੇਰਾ ਜਨੁ ਏਕੁ ਆਧੁ ਕੋਈ ॥
ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ ਹਰਿ ਪਦੁ ਚੀਨ੍ੈ ਸੋਈ ॥ (ਪੰਨਾ-1123)

ਐਸੇ ਜਨ ਵਿਰਲੇ ਜਗ ਅੰਦਰਿ ਪਰਖਿ ਖਜਾਨੈ ਪਾਇਆ ॥
ਜਾਤਿ ਵਰਨ ਤੇ ਭਏ ਅਤੀਤਾ ਮਮਤਾ ਲੋਭੁ ਚੁਕਾਇਆ ॥ (ਪੰਨਾ-1345)

ਕਹਨ ਕਹਾਵਨ ਕਉ ਕਈ ਕੇਤੈ ॥
ਐਸੋ ਜਨੁ ਬਿਰਲੋ ਹੈ ਸੇਵਕੁ ਜੋ ਤਤ ਜੋਗ ਕਉ ਬੇਤੈ ॥ (ਪੰਨਾ-1302)

ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ ॥ (ਪੰਨਾ-517)

ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ ॥ (ਪੰਨਾ-1411)

ਗੁਰਮੁਖਿ ਵਿਰਲਾ ਜਾਣੀਐ ਸੇਵਕੁ ਸੇਵਕ ਸੇਵਕ ਸੰਦਾ । (ਵਾ. ਭਾ. ਗੁ. 26/11)

ਬੁਰੇ ਕਰਨਿ ਬੁਰਿਆਈਆਂ ਭਲਿਆਈ ਭਲਿਆ ॥

ਅਵਗੁਣ ਕੀਤੇ ਗੁਣ ਕਰਨਿ ਜਗਿ ਸਾਧ ਵਿਰਲਿਆ ।(ਵਾ. ਭਾ. ਗੁ. 9/21)

ਪਰ ਇਹਨਾਂ ਵਿਰਲਿਆਂ ਮਹਾਂਪੁਰਖਾਂ ਦੇ ਮੁਕਾਬਲੇ ਤੇ ਅਖੌਤੀ ਸਾਧ, ਸੰਤ, ਸੁਆਮੀ, ਸ਼ੰਕਰਾਚਾਰੀਆ, 'ਮਹਾਰਾਜ', ਜਗਤ ਗੁਰੂ, ਸ੍ਰੀ 108, ਆਦਿ ਨਾਮਾਂ ਹੇਠ ਜਗਤ ਵਿਚ ਬੇਅੰਤ ਹਸਤੀਆਂ ਪਰਵਿਰਤ ਹਨ, ਜਿਨ੍ਹਾਂ ਦਾ 'ਜੀਵਨ' ਉਪਰਲੀਆਂ ਗੁਰਬਾਣੀ ਦੀਆਂ ਪੰਗਤੀਆਂ ਦੇ ਅਨੁਕੂਲ ਨਹੀਂ ਹੁੰਦਾ।

ਇਸੇ ਲਈ ਆਮ ਜਨਤਾ—ਖਾਸ ਕਰਕੇ ਪੜ੍ਹੀ ਲਿਖੀ ਸ਼੍ਰੇਣੀ ਇਹਨਾਂ ਅਖੌਤੀ ਸਾਧ ਸੰਤਾਂ ਦੇ ਨੀਵੇਂ ਜੀਵਨ ਨੂੰ ਦੇਖ ਕੇ ਸਚੇ ਸੁਚੇ 'ਸਾਧ-ਸੰਤਾਂ' ਦੀ ਹੋਂਦ ਤੋਂ ਮੁਨਕਿਰ ਅਤੇ ਅਸ਼ਰਧਕ ਹੋ ਜਾਂਦੀ ਹੈ। ਇਥੋਂ ਤਾਈਂ ਕਿ 'ਸਾਧ', 'ਸੰਤ'—ਅੱਖਰਾਂ ਤੋਂ ਭੀ ਘਿਰਣਿਤ ਹੋ ਜਾਂਦੇ ਹਨ।

'ਖੁੱਡ' ਵਿਚ ਰਹਿੰਦਿਆਂ ਹੋਇਆਂ ਜਿਨ੍ਹਾਂ ਨੇ ਸੂਰਜ ਦੀ ਰੋਸ਼ਨੀ ਨਾ ਦੇਖੀ ਹੋਵੇ ਤਾਂ ਓਹਨਾਂ ਦਾ ਸੂਰਜ ਦੀ ਹੋਂਦ ਤੋਂ ਇਨਕਾਰ ਕਰਨਾ ਵਡੀ 'ਭੁਲ' ਹੈ।

ਏਸੇ ਤਰ੍ਹਾਂ ਅਖੌਤੀ ਅਤੇ ਪਾਖੰਡੀ ਸਾਧਾਂ-ਸੰਤਾਂ ਦੇ ਨੀਵੇਂ ਜੀਵਨ ਵਲ ਦੇਖ ਕੇ ਸਚੇ-ਸੁਚੇ, ਬਖਸ਼ੇ ਹੋਏ, ਗੁਰਮੁਖ, ਸਾਧਾਂ, ਸੰਤਾਂ, ਮਹਾਂਪੁਰਖਾਂ ਦੀ ਹੋਂਦ ਤੋਂ ਇਨਕਾਰ ਕਰਨਾ ਅਤੇ ਇਹਨਾਂ ਸੰਬੰਧੀ 'ਲ਼ਫ਼ਜ਼ਾਂ'—'ਸਾਧ'-'ਸੰਤ' ਆਦਿ ਅੱਖਰਾਂ ਤੋਂ ਭੀ ਘਿਰਣਿਤ (allergic) ਹੋਣਾ ਸਾਡਾ ਵਡਾ ਮਾਨਸਿਕ ਭਰਮ ਭੁਲੇਖਾ ਹੈ।

ਜਿਨ੍ਹਾਂ 'ਅੱਖਰਾਂ' ਦੁਆਰਾ, ਇਹਨਾਂ 'ਸਾਧਾਂ'-'ਸੰਤਾਂ'-'ਮਹਾਂਪੁਰਖਾਂ' ਨੂੰ ਗੁਰਬਾਣੀ ਵਿਚ ਹਜ਼ਾਰਾਂ ਵਾਰੀ ਸਤਕਾਰ ਅਤੇ ਮਾਣ ਨਾਲ ਵਡਿਆਇਆ ਅਤੇ ਸਨਮਾਨਿਆ ਗਿਆ ਹੈ—ਓਹਨਾਂ 'ਅੱਖਰਾਂ' ਤੋਂ ਅਸੀਂ ਇਤਨੇ ਘਿਰਣਿਤ (allergic) ਹੋ ਗਏ ਹਾਂ ਕਿ ਓਹਨਾਂ ਦਾ ਜ਼ਿਕਰ ਭੀ ਸੁਣਨ ਲਈ ਤਿਆਰ ਨਹੀਂ । ਇਸ ਤਰ੍ਹਾਂ, ਅਸੀਂ ਗੁਰਬਾਣੀ ਦੇ ਇਹਨਾਂ ਪਵਿਤਰ 'ਅੱਖਰਾਂ' ਦੀ ਨਿਰਾਦਰੀ ਕਰਦੇ ਹਾਂ।

ਇਹ ਸਾਡੀ—

ਅਗਿਆਨਤਾ,
ਹਉਮੈ ਦੀ ਢੀਠਤਾਈ, ਅਤੇ
ਦੀਰਘ 'ਭਰਮ-ਭੁਲੇਖਾ' ਹੈ।

ਗੁਰਬਾਣੀ ਵਿਚ ਇਹਨਾਂ 'ਲ਼ਫ਼ਜ਼ਾਂ' ਦੀ ਉਚਤਾਈ ਅਤੇ ਵਡਿਆਈ ਨੂੰ ਇਉਂ ਸਨਮਾਨਿਆ ਗਿਆ ਹੈ—

ਸਾਧੂ ਸੰਗਤਿ ਹੋਇ ਪਰਾਪਤਿ ਤਾ ਪ੍ਰਭੁ ਅਪੁਨਾ ਲਹੀਐ ॥ (ਪੰਨਾ-713)

ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥
ਨਾਮੁ ਪ੍ਰਭੂ ਕਾ ਲਾਗਾ ਮੀਠਾ ॥ (ਪੰਨਾ-293)

ਹਰਿ ਕਾ ਸੇਵਕੁ ਸੋ ਹਰਿ ਜੇਹਾ ॥
ਭੇਦੁ ਨ ਜਾਣਹੁ ਮਾਣਸ ਦੇਹਾ ॥ (ਪੰਨਾ-1076)

ਰਾਮ ਸੰਤ ਮਹਿ ਭੇਦੁ ਕਿਛੁ ਨਾਹੀ

ਏਕੁ ਜਨੁ ਕਈ ਮਹਿ ਲਾਖ ਕਰੋਰੀ ॥ (ਪੰਨਾ-208)

ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥ (ਪੰਨਾ-273)

ਹਰਿ ਜਨ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ ॥ (ਪੰਨਾ-1427)

ਇਹਨਾਂ 'ਲਫ਼ਜ਼ਾਂ' ਦੀ ਏਥੋਂ ਤਾਈਂ ਵਡਿਆਈ ਕੀਤੀ ਗਈ ਹੈ ਕਿ ਗੁਰੂ ਨੂੰ ਭੀ 'ਗੁਰੂ ਸਾਧੂ' ਅਥਵਾ ਸਾਧੂ-ਰੂਪ 'ਗੁਰੂ' ਕਹਿ ਕੇ ਸਨਮਾਨਿਆ ਗਿਆ ਹੈ।

ਗੁਰ ਸਾਧੂ ਅੰਮ੍ਰਿਤ ਗਿਆਨ ਸਰਿ ਨਾਇਣੁ ॥
ਸਭਿ ਕਿਲਵਿਖ ਪਾਪ ਗਏ ਗਾਵਾਇਣੁ ॥ (ਪੰਨਾ-1134)

ਗੁਰ ਸਾਧੂ ਸੰਗਤਿ ਮਿਲੈ ਹੀਰੇ ਰਤਨ ਲਭੰਨਿ੍ ॥ (ਪੰਨਾ-1416)

ਗੁਰੁ ਸੰਤ ਜਨੋ ਪਿਆਰਾ ਮੈ ਮਿਲਿਆ ਮੇਰੀ ਤ੍ਰਿਸਨਾ ਬੁਝਿ ਗਈਆਸੇ ॥ (ਪੰ.-776)

ਗੁਰੁ ਸੰਤੁ ਪਾਇਆ ਪ੍ਰਭੁ ਧਿਆਇਆ ਸਗਲ ਇਛਾ ਪੁੰਨੀਆ ॥ (ਪੰਨਾ-779)

ਗੁਰਬਾਣੀ ਵਿਚ 'ਸਾਧ' , 'ਸੰਤ' ਲਫ਼ਜ਼—'ਇਕ ਵਚਨੀ' ਅਤੇ 'ਬਹੁ ਵਚਨੀ' ਵੀ ਵਰਤੇ ਗਏ ਹਨ।

'ਗੁਰੂ' ਇਕ ਹੈ—ਬਹੁ ਵਚਨੀ ਨਹੀਂ ਹੋ ਸਕਦਾ; ਪਰ 'ਸਾਧ', 'ਸੰਤ', 'ਮਹਾਂਪੁਰਖ'—ਬਹੁ ਵਚਨੀ ਹੋ ਸਕਦੇ ਹਨ, ਜਿਹਾ ਕਿ—

'ਸੰਤ ਜਨਾ' ਮਿਲਿ ਹਰਿ ਜਸੁ ਗਾਇਓ ॥ (ਪੰਨਾ-720)

'ਸੰਤਨ' ਸਿਉ ਮੇਰੀ ਲੇਵਾ ਦੇਵੀ ਸੰਤਨ ਸਿਉ ਬਿਉਹਾਰਾ ॥ (ਪੰਨਾ-614)

'ਸਾਧ ਜਨਾ' ਕੈ ਸੰਗਿ ਨਿਸਤਰੇ ॥ (ਪੰਨਾ-1147)

'ਸਾਧਾ' ਸਰਣੀ ਜੋ ਪਵੈ ਸੋ ਛੁਟੈ ਬਧਾ ॥ (ਪੰਨਾ-320)

ਜਨ ਨਾਨਕ ਸੰਗਤਿ ਸਾਧ ਹਰਿ ਮੇਲਹੁ ਹਮ ਸਾਧ ਜਨਾ ਪਗ ਰਾਲੀ ॥ (ਪੰ.-668)

ਸਾਧਸੰਗਤਿ ਕੀ ਭੀਰ ਜਉ ਪਾਈ
ਤਉ ਨਾਨਕ ਹਰਿ ਸੰਗਿ ਮਿਰੀਆ ॥ (ਪੰਨਾ-1209)

ਸੰਤ ਮੰਡਲ ਮਹਿ ਹਰਿ ਮਨਿ ਵਸੈ ॥ (ਪੰਨਾ-1146)

'ਸਾਧ'-'ਸੰਤ'-'ਭਗਤ'-'ਮਹਾਂਪੁਰਖ' ਬੜੀ ਉਚੀ-ਸੁਚੀ ਆਤਮਿਕ ਅਵਸਥਾ ਦੇ ਲਖਾਇਕ ਹਨ ਅਤੇ ਇਤਨੀ ਉਚੀ-ਸੁਚੀ ਆਤਮਿਕ 'ਖੇਲ' ਆਮ ਖੁਲ੍ਹੀ ਨਹੀਂ ਵਰਤ ਸਕਦੀ। ਇਹ 'ਆਤਮਿਕ ਖੇਲ' ਕਿਸੇ ਵਿਰਲੇ ਭਾਗਾਂ ਵਾਲੇ ਜੀਵ ਉਤੇ ਹੀ ਵਰਤਦੀ ਹੈ, ਇਸ ਕਰਕੇ ਇਸ 'ਦਾਤ' ਦਾ ਕਿਸੇ ਵਿਰਲੇ ਕੋਲ ਹੀ ਹੋਣਾ ਲਾਜ਼ਮੀ ਹੈ।

ਸੰਸਾਰ ਵਿਚ ਅਮੋਲਕ ਚੀਜ਼ਾਂ ਜਿਹਾ ਕਿ—ਹੀਰੇ, ਰਤਨ, ਜਵਾਹਰ ਆਦਿ, ਵਿਰਲੇ ਹੀ ਹੁੰਦੇ ਹਨ, ਜਿਨ੍ਹਾਂ ਦੀ ਕੀਮਤ ਲੱਖਾਂ-ਕਰੋੜਾਂ ਦੀ ਹੁੰਦੀ ਹੈ। ਇਸ ਲਈ ਜੇਕਰ ਅਸਲੀ 'ਸਾਧ'-'ਸੰਤ' ਮਹਾਂਪੁਰਖ ਵਿਰਲੇ ਹਨ ਤਾਂ ਓਹਨਾਂ ਦੇ ਮੁਕਾਬਲੇ ਤੇ ਬੇਅੰਤ ਨਕਲੀ ਸਾਧ ਸੰਤ ਭੀ ਹੋਣੇ ਲਾਜ਼ਮੀ ਹਨ।

ਐਸੇ ਆਤਮਿਕ ਸਾਧ, ਸੰਤ, ਮਹਾਂਪੁਰਖ, ਗੁਰਮੁਖ ਜਨ—ਸਤਿਗੁਰੂ ਦੇ ਦਰੋਂ-ਘਰੋਂ ਵਰੋਸਾਏ ਅਤੇ ਬਖਸ਼ੇ ਹੋਏ ਹੁੰਦੇ ਹਨ, ਅਤੇ ਉਹ ਸਤਿਗੁਰੂ ਦੀ ਆਗਿਆ ਵਿਚ ਅਭਿਲਾਖੀ ਆਤਮਿਕ ਜਗਿਆਸੂਆਂ ਦੇ ਆਤਮਿਕ ਪੰਧ ਵਿਚ ਪ੍ਰੇਰਕ ਅਤੇ 'ਸਹਾਇਕ' ਹੁੰਦੇ ਹਨ।

ਗੁਰਬਾਣੀ ਵਿਚ ਇਸ ਵਿਸ਼ੇ ਨੂੰ ਇਉਂ ਦਰਸਾਇਆ ਗਿਆ ਹੈ—

ਕਿਰਪਾ ਕਰੇ ਜਿਸੁ ਪਾਰਬ੍ਰਹਮੁ ਹੋਵੈ ਸਾਧੂ ਸੰਗੁ ॥
ਜਿਉ ਜਿਉ ਓਹੁ ਵਧਾਈਐ ਤਿਉ ਤਿਉ ਹਰਿ ਸਿਉ ਰੰਗੁ ॥ (ਪੰਨਾ-71)

ਸੰਤ ਕਾ ਸੰਗੁ ਵਡਭਾਗੀ ਪਾਈਐ ॥
ਸੰਤ ਕੀ ਸੇਵਾ ਨਾਮੁ ਧਿਆਈਐ ॥ (ਪੰਨਾ-265)

ਸੰਤ ਸਹਾਈ ਜੀਅ ਕੇ ਭਵਜਲ ਤਾਰਣਹਾਰ ॥ (ਪੰਨਾ-929)

ਸਾਧੂ ਸੰਗਤਿ ਹੋਇ ਪਰਾਪਤਿ ਤਾ ਪ੍ਰਭੁ ਅਪੁਨਾ ਲਹੀਐ ॥ (ਪੰਨਾ-713)

ਸਾਧਸੰਗਤਿ ਕੈ ਆਸਰੈ ਪ੍ਰਭ ਸਿਉ ਰੰਗੁ ਲਾਏ ॥ (ਪੰਨਾ-966)

ਹਰਿ ਜਨ ਵਡੇ ਵਡੇ ਵਡ ਊਚੇ ਜੋ ਸਤਗੁਰ ਮੇਲਿ ਮਿਲਾਈਐ ॥ (ਪੰ.-881)

ਇਸੇ ਲਈ ਆਤਮਿਕ ਪਾਂਧੀਆਂ ਨੂੰ 'ਸਾਧ ਸੰਗਤ' ਅਥਵਾ ਸੰਤਾਂ-ਮਹਾਂਪੁਰਖਾਂ ਦੀ 'ਸੰਗਤ' ਲਈ ਇਉਂ 'ਜਾਚਨਾ' ਕਰਨੀ ਸਿਖਾਈ ਹੈ।

ਨਾਨਕ ਦਾਸੁ ਇਹੈ ਸੁਖੁ ਮਾਗੈ
ਮੋ ਕਉ ਕਰਿ ਸੰਤਨ ਕੀ ਧੂਰੇ ॥ (ਪੰਨਾ-13)

ਐਸੀ ਕਿਰਪਾ ਮੋਹਿ ਕਰਹੁ ॥
ਸੰਤਹ ਚਰਣ ਹਮਾਰੋ ਮਾਥਾ
ਨੈਨ ਦਰਸੁ ਤਨਿ ਧੂਰਿ ਪਰਹੁ ॥ (ਪੰਨਾ-828)

ਸਾਧਸੰਗਤਿ ਕੈ ਅੰਚਲਿ ਲਾਵਹੁ
ਬਿਖਮ ਨਦੀ ਜਾਇ ਤਰਣੀ ॥ (ਪੰਨਾ-702)

ਹੋਹੁ ਕ੍ਰਿਪਾਲ ਸੁਆਮੀ ਮੇਰੇ ਸੰਤਾਂ ਸੰਗਿ ਵਿਹਾਵੇ ॥ (ਪੰਨਾ-961)

ਕਹੁ ਨਾਨਕ ਪ੍ਰਭ ਲੋਚਾ ਪੂਰਿ ॥
ਸੰਤ ਜਨਾ ਕੀ ਬਾਛਉ ਧੂਰਿ ॥ (ਪੰਨਾ-724)

ਐਸੇ ਬਖਸ਼ੇ ਹੋਏ 'ਸਾਧਾਂ'—'ਸੰਤਾਂ'—'ਗੁਰਮੁਖਾਂ' ਦੀ ਹੋਂਦ ਤੋਂ ਮੁਨਕਰ ਹੋਣਾ ਯਾ ਘਿਰਣਿਤ ਹੋਣਾ ਸਾਡਾ ਦੀਰਘ ਮਾਨਸਿਕ 'ਭਰਮ-ਭੁਲੇਖਾ' ਹੈ।

ਦੂਜੇ ਪਾਸੇ ਬੇਅੰਤ ਅਖੌਤੀ ਸਾਧ, ਸੰਤ, ਮਹਾਂਪੁਰਖ, ਮਹਾਤਮਾ, ਅਉਲੀਏ ਬਣੇ ਬੈਠੇ ਹਨ ਜਿਹਨਾਂ ਨੂੰ ਜਨਤਾ ਆਪਣੀਆਂ ਮਾਇਕੀ ਗਰਜਾਂ ਦੀ ਪੂਰਤੀ ਲਈ ਮੰਨਦੀ ਅਤੇ ਪੂਜਦੀ ਹੈ।

ਐਸੇ ਅਖੌਤੀ ਸਾਧਾਂ, ਸੰਤਾਂ, ਭਗਤਾਂ, ਮਹਾਤਮਾਂ, ਸੁਆਮੀਆਂ ਦੀ ਹਿੰਦੁਸਤਾਨ ਵਿਚ ਬਹੁਲਤਾ ਹੈ ਅਤੇ ਕਈ ਕਿਸਮ ਦੇ ਅਖੌਤੀ ਮਿਸ਼ਨਾਂ ਦੇ ਅਨੇਕਾਂ ਨਾਮਾਂ ਹੇਠ ਪਰਦੇਸਾਂ ਵਿਚ ਭੀ ਇਹਨਾਂ ਦਾ ਬੋਲ-ਬਾਲਾ ਚਲ ਰਿਹਾ ਹੈ।

ਇਨਸਾਨ ਆਪਣੀ 'ਹਉਮੈ' ਦੇ ਅਧੀਨ 'ਖੁਦਗਰਜ਼' ਹੈ ਇਸ ਲਈ ਆਪਣੀਆਂ ਮਾਇਕੀ ਗਰਜਾਂ ਦੀ ਪੂਰਤੀ ਲਈ ਇਹ ਹਰ ਤਰ੍ਹਾਂ ਦੇ ਜਾਇਜ-ਨਾਜਾਇਜ ਤਰੀਕੇ ਵਰਤਦਾ ਹੈ।

ਇਹਨਾਂ ਵਿਚੋਂ ਅਖੌਤੀ—ਸਾਧਾਂ, ਸੰਤਾਂ, ਮਹਾਤਮਾ ਦੀ ਟੇਕ ਲੈਣੀ 'ਸੌਖਾ' ਸਾਧਨ ਮੰਨੀ ਗਈ ਹੈ।

ਇਸ ਲਈ—

ਵਿਆਹ ਦੀ ਲਾਲਸਾ
ਬਚੇ ਦੀ ਲਾਲਸਾ
ਨੌਕਰੀ ਦੀ ਭਾਲ
ਤਰੱਕੀ (promotion) ਦੀ ਲਾਲਸਾ
ਮਾਇਆ ਦੀ ਭੁਖ
ਸੁਖ ਦੀ ਲਾਲਸਾ
ਬੀਮਾਰੀ ਦੇ ਇਲਾਜ
ਦੁਖਾਂ-ਕਲੇਸ਼ਾਂ ਤੋਂ ਬਚਾਓ
ਸ਼ਾਂਤੀ ਦੀ ਲਾਲਸਾ
ਪਾਪਾਂ ਤੋਂ ਬਚਣ
ਜਮਾਂ ਤੋਂ ਬਚਣ
ਭੂਤਾਂ-ਪ੍ਰੇਤਾਂ ਤੋਂ ਛੁਟਕਾਰਾ
ਵੈਰੀਆਂ ਦੇ ਬਦਲੇ
ਮੁਕਦਮੇ ਦੀ ਚਿੰਤਾ

ਆਦਿ—ਅਨੇਕਾਂ ਮਾਇਕੀ ਗਰਜਾਂ ਦੀ ਪੂਰਤੀ ਲਈ ਅਸੀਂ ਇਹਨਾਂ ਅਖੌਤੀ ਸਾਧੂਆਂ, ਸੰਤਾਂ, ਮਹਾਤਮਾ ਆਦਿ ਦੇ ਦਰਵਾਜੇ ਖੜਕਾਉਂਦੇ ਹਾਂ। ਜਨਤਾ ਦੀ 'ਲੋੜ' ਅਨੁਸਾਰ ਇਹੋ ਜੇਹੀਆਂ ਅਖੌਤੀ ਧਾਰਮਿਕ 'ਦੁਕਾਨਾਂ' ਭੀ ਬੇਅੰਤ ਖੁਲੀਆਂ ਹੋਈਆਂ ਹਨ।

ਇਹ ਸਭ ਤ੍ਰੈਗੁਣੀ ਮਾਇਕੀ 'ਖੇਲ-ਅਖਾੜਾ' ਹੈ, ਅਤੇ ਸਾਡੀ ਅਗਿਆਨਤਾ ਦਾ ਡਾਢਾ 'ਭਰਮ-ਭੁਲੇਖਾ' ਹੈ।

ਪਰ ਇਹਨਾਂ ਨਕਲੀ ਅਖੌਤੀ ਸਾਧਾਂ-ਸੰਤਾਂ ਦੀ ਬਹੁਲਤਾ ਤੋਂ 'ਘਿਰਣਿਤ' ਹੋ ਕੇ

ਅਸਲੀ ਊਚਮ-ਊਚੇ ਮਹਾਂਪੁਰਖਾਂ ਦੀ 'ਹੋਂਦ' ਦੀ ਬਾਬਤ—

ਮੁਨਕਰ ਹੋਣਾ
ਨਫਰਤ ਕਰਣੀ
ਨਿੰਦਾ ਕਰਨੀ
ਘਿਰਣਾ ਕਰਨੀ
ਵਾਦ-ਵਿਵਾਦ ਕਰਨਾ
ਝਗੜੇ ਕਰਨੇ

ਸਾਡੀ ਮਾਨਸਿਕ ਅਤੇ ਧਾਰਮਿਕ ਅਗਿਆਨਤਾ ਦਾ ਦੀਰਘ—

'ਭਰਮ-ਭੁਲੇਖਾ' ਹੈ।

ਜਿਸ ਤਰ੍ਹਾਂ ਵਿਦਿਅਕ ਮਹਿਕਮੇ ਵਿਚ ਸੰਚਾਲਕ (Director of Education) ਤਾਂ ਇਕ ਹੀ ਹੁੰਦਾ ਹੈ ਪਰ ਉਸ ਦੇ ਮਾਤਹਿਤ ਅਨੇਕਾਂ ਦਰਜਿਆਂ ਅਤੇ ਸਤਹ ਉਤੇ ਯੋਗਤਾ ਅਨੁਸਾਰ—

ਪ੍ਰਾਰੰਭਿਕ (Primary)
ਵਿਚਲਾ (Middle)
ਉਚਾ (High)
ਡਿਗਰੀ ਅਪ੍ਰਾਪਤ (Under-graduation)
ਡਿਗਰੀ ਤੋਂ ਬਾਦ ਦੀ ਪੜ੍ਹਾਈ (Post-graduation)
ਵਿਸ਼ੇਸ਼ੀਕਰਨ (Specialization)

ਦੇ ਪਾਠ-ਕ੍ਰਮ (Courses) ਪੜ੍ਹਾਉਣ ਲਈ—

ਅਧਿਆਪਕ (teachers)
ਵਿਆਖਿਆਨੀ (lecturers)
ਪ੍ਰੋਫੈਸਰ (professors)
ਵਿਸ਼ੇ-ਵਿਭਾਗ ਦੇ ਮੁੱਖੀ (Deans)
ਪ੍ਰਿੰਸੀਪਲ (principals)

ਦੀ ਲੋੜ ਹੁੰਦੀ ਹੈ।

ਏਸੇ ਤਰ੍ਹਾਂ ਧਾਰਮਿਕ ਅਤੇ ਅਧਿਆਤਮਿਕ ਵਿਦਿਆ ਦੇ ਪ੍ਰਚਾਰ ਲਈ ਭੀ ਅਨੇਕਾਂ—

ਗਰੰਥੀ
ਰਾਗੀ
ਕਥਾਕਾਰ

ਪ੍ਰਚਾਰਕ

ਵਿਦਵਾਨ

ਗਿਆਨੀ

ਮਿਸ਼ਨਰੀ

ਪੰਡਤ

ਅਚਾਰੀਆ

ਭੀ ਹੋਣੇ ਲਾਜ਼ਮੀ ਹਨ — ਜੋ ਆਪੋ-ਆਪਣੀ ਯੋਗਤਾ ਅਨੁਸਾਰ ਧਾਰਮਿਕ ਪ੍ਰਚਾਰ ਕਰਦੇ ਹਨ। ਇਸ ਤਰ੍ਹਾਂ ਇਹ ਧਾਰਮਿਕ ਸ਼ਰੇਣੀਆਂ ਹੋਣਹਾਰ ਰੂਹਾਂ ਨੂੰ 'ਆਤਮਿਕ ਜੀਵਨ' ਅਥਵਾ 'ਸ਼ਬਦ-ਸੁਰਤ' ਯਾ 'ਨਾਮ-ਅਭਿਆਸ ਕਮਾਈ' ਲਈ ਪ੍ਰੇਰਦੀਆਂ ਅਤੇ ਸਹਾਇਕ ਹੁੰਦੀਆਂ ਹਨ । ਇਹ ਤ੍ਰੈਗੁਣੀ ਮਾਇਕੀ ਮੰਡਲ ਦੀ ਧਾਰਮਿਕ ਕ੍ਰਿਆ ਹੈ।

ਇਸ ਤੋਂ ਉਪਰ ਆਤਮਿਕ ਮੰਡਲ ਦੀ ਵਿਦਿਆ, ਅਥਵਾ ਬ੍ਰਹਮ ਮੰਡਲ ਦਾ 'ਤਤ-ਗਿਆਨ', ਗੁਰੂ ਦੀ ਕਿਰਪਾ ਦੁਆਰਾ, ਕਿਸੇ ਵਿਰਲੇ ਅਭਿਲਾਖੀ ਜਗਿਆਸੂ ਨੂੰ ਬਖਸ਼ੇ ਹੋਏ ਸਾਧਾਂ, ਸੰਤਾਂ, ਮਹਾਂਪੁਰਖਾਂ ਦੀ ਸੰਗਤ ਦੁਆਰਾ ਹੀ ਪ੍ਰਦਾਨ ਹੋ ਸਕਦਾ ਹੈ।

ਕਰਮ ਧਰਮ ਤਤੁ ਗਿਆਨੁ ਸੰਤਾ ਸੰਗੁ ਹੋਇ ॥ (ਪੰਨਾ-521)

ਸੰਤਨ ਬਿਨੁ ਅਵਰੁ ਨ ਦਾਤਾ ਬੀਆ ॥
ਜੋ ਜੋ ਸਰਣਿ ਪਰੈ ਸਾਧੂ ਕੀ ਸੋ ਪਾਰਗਰਾਮੀ ਕੀਆ ॥ (ਪੰਨਾ- 610)

ਸਾਧ ਕੈ ਸੰਗਿ ਪ੍ਰਗਟੈ ਸੁਗਿਆਨੁ ॥ (ਪੰਨਾ-271)

ਸੰਤਨ ਸਿਉ ਹਮ ਲਾਹਾ ਖਾਟਿਆ ਹਰਿ ਭਗਤਿ ਭਰੇ ਭੰਡਾਰਾ ॥
(ਪੰਨਾ-614)

ਇਸ ਲਈ ਗੁਰਬਾਣੀ ਵਿਚ ਦਰਸਾਏ ਅਤੇ ਸਨਮਾਨੇ ਹੋਏ ਸਾਧਾਂ, ਸੰਤਾਂ, ਗੁਰਮੁਖ ਪਿਆਰਿਆਂ ਤੋਂ ਮੁਨਕਰ ਹੋਣਾ ਸਾਡੀ ਦੀਰਘ ਮਾਨਸਿਕ ਅਗਿਆਨਤਾ ਦਾ —

'ਭਰਮ-ਭੁਲੇਖਾ' ਹੈ ।

ਚਲਦਾ.......